Tender Heart High school Sec- 33 B chd

Class - 10 Subject Teacher - Ramandeep Kaur

Topic - ਚੰਦੋਆ (ਕਹਾਣੀ) Assignment no - ① Term - I

ਸ਼ੁੱਭ ਸਵੇਰ

ਵਿਦਿਆਰਥੀਓ ਅੱਜ ਅਸੀਂ ਦਸਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਚੰਦੋਆ', ਪੰਨਾ ਨੰਬਰ 58, ਪਾਠ 9 ਜੋ ਕਿ ਪਾਠ ਪੁਸਤਕ 'ਕਾਵਿ ਕਥਾ ਸੰਵੇਦਨਾ' ਵਿੱਚ ਦਰਜ ਹੈ, ਬਾਰੇ ਵਿਚਾਰ ਚਰਚਾ ਕਰਾਂਗੇ। ਤੁਸੀਂ ਇਸ ਕਹਾਣੀ ਨੂੰ ਘੱਟੋ ਘੱਟ ਦੋ ਵਾਰ ਪੜ੍ਹਨਾ ਹੈ।

ਸਾਰੇ ਵਿਦਿਆਰਥੀ ਕਹਾਣੀ ਦੇ ਵਿਸ਼ੇ ਨੂੰ ਗੌਰ ਨਾਲ ਸੁਣਨਗੇ। 'ਡਾ. ਕਰਤਾਰ ਸਿੰਘ ਸੂਰੀ' ਦੀ ਇਹ ਰਚਨਾ ਅਜੋਕੇ ਜੁੱਗ ਵਿੱਚ ਆਪਸੀ ਰਿਸ਼ਤਿਆਂ ਦੀ ਦਰਾਰ ਨੂੰ ਦਰਸਾਉਂਦੀ ਹੈ। ਸਾਡੇ ਸਮਾਜ ਵਿੱਚ ਪੈਸੇ, ਧਨ ਦੌਲਤ ਨਾਲ ਹੀ ਕਿਸੇ ਮਨੁੱਖ ਨੂੰ ਪਰਖਿਆ ਜਾਂਦਾ ਹੈ। ਉਸਦੀਆਂ ਸੱਚੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਜਾਂ ਕੋਈ ਮੁੱਲ ਨਹੀਂ। ਕਹਾਣੀ ਬਾਰੇ ਵਿਚਾਰ ਚਰਚਾ ਕਰਦੇ ਹੋਏ ਤੁਹਾਡੇ ਤੋਂ ਕੁੱਝ ਪ੍ਰਸ਼ਨ ਪੁੱਛੇ ਜਾਣਗੇ, ਤੁਸੀਂ ਉਹਨਾਂ ਦੇ ਉੱਤਰ ਆਪ ਲਿਖਣੇ ਹਨ।

ਕਹਾਣੀ ਦੇ ਵਿਸ਼ੇ ਬਾਰੇ ਵਿਚਾਰਨ ਤੋਂ ਪਹਿਲਾਂ ਅਸੀਂ ਸਿਰਲੇਖ ਬਾਰੇ ਵਿਚਾਰ - ਵਿਮਰਸ਼ ਕਰਾਂਗੇ। ਕਹਾਣੀਕਾਰ ਨੇ 'ਚੰਦੋਆ' ਸਿਰਲੇਖ ਬਹੁਤ ਸੋਚ ਸਮਝ ਕੇ ਰੱਖਿਆ ਹੈ। ਇਹ ਪੂਰਨ ਰੂਪ ਵਿੱਚ ਕਹਾਣੀ ਦੇ ਵਿਸ਼ੇ ਤੇ ਢੁੱਕਦਾ ਹੈ। ਹੁਣ ਤੁਹਾਡੇ ਜ਼ਿਹਨ ਵਿੱਚ ਪ੍ਰਸ਼ਨ ਆਇਆ ਹੋਵੇਗਾ ਕਿ 'ਚੰਦੋਆ' ਹੁੰਦਾ ਕੀ ਹੈ? ਤੁਸੀਂ ਸਾਰਿਆਂ ਨੇ ਗੁਰਦੁਆਰਿਆਂ ਵਿੱਚ ਵੇਖਿਆ ਹੋਵੇਗਾ ਜਿੱਥੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ' ਰੱਖੀ ਹੁੰਦੀ ਹੈ ਠੀਕ ਉਸਦੀ ਛੱਤ ਉਪਰ ਝਾਲਰ ਵਾਲਾ ਚੌਰਸ ਕਪੜਾ ਬੰਨ੍ਹਿਆ ਹੁੰਦਾ ਹੈ, ਉਸ ਕਪੜੇ ਨੂੰ ਚੰਦੋਆ ਕਿਹਾ ਜਾਂਦਾ ਹੈ।

Class- 10
Topic- 'ਚੰਦੋਆ' (ਕਹਾਣੀ)

Subject Teacher- Ramandeep Kaur
Assignment no -(1) Term - I

ਸਾਡੀ ਕਹਾਣੀ ਦੇ ਮੁੱਖ ਪਾਤਰ ਜੀਉਣ ਸਿੰਘ ਅਤੇ ਉਸਦੀ ਪਤਨੀ ਇੰਦਰ ਕੌਰ ਨੇ ਪੁੱਤਰ ਦੇ ਜਨਮ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ 'ਚੰਦੋਆ' ਚੜ੍ਹਾਉਣ ਦੀ ਸੁੱਖਣਾ ਸੁੱਖੀ ਸੀ। ਕਹਾਣੀ ਸ਼ੁਰੂ ਹੀ ਉਹਨਾਂ ਦੇ ਰੇਲ ਗੱਡੀ ਵਿੱਚ ਬੈਠ ਸਫ਼ਰ ਤੋਂ ਸ਼ੁਰੂ ਹੁੰਦੀ ਹੈ। ਉਹ ਆਪਣੇ ਪਰਿਵਾਰ ਸਮੇਤ ਗੁਰੂ ਕੀ ਨਗਰੀ 'ਚੰਦੋਆ' ਚੜ੍ਹਾਉਣ ਜਾ ਰਹੇ ਸਨ। ਉਹ ਪਰਮਾਤਮਾ ਦਾ ਸ਼ੁਕਰੀਆ ਕਰਨਾ ਚਾਹੁੰਦੇ ਹਨ ਕਿ ਉਹਨਾਂ ਨੂੰ ਪੁੱਤਰ ਦੀ ਦਾਤ ਬਖਸ਼ੀ ਅਤੇ ਉਹਨਾਂ ਦਾ ਬੱਚਾ ਤੰਦਰੁਸਤ ਵੀ ਹੋ ਗਿਆ। ਪਰ ਇਹ ਸਫ਼ਰ ਜੀਉਣ ਸਿੰਘ ਕਿਵੇਂ ਤਹਿ ਕਰਦਾ ਹੈ ਸਿਰਫ਼ ਉਸਦਾ ਮਨ ਹੀ ਜਾਣਦਾ ਹੈ।

ਪੜ੍ਹਾਏ ਗਏ ਪਾਠ ਦੇ ਅਧਾਰ ਤੇ ਅਭਿਆਸ ਲਈ ਕੁੱਝ ਪ੍ਰਸ਼ਨ ਹਲ ਕਰੋ।

ਪ੍ਰ:1 ਕਹਾਣੀਕਾਰ ਦਾ ਨਾਂ ਦੱਸੋ।
ਪ੍ਰ:2 ਕਹਾਣੀ ਦੇ ਮੁੱਖ ਪਾਤਰ ਅਤੇ ਉਸਦੀ ਪਤਨੀ ਦਾ ਨਾਂ ਦੱਸੋ।
ਪ੍ਰ:3 ਸਾਰਾ ਪਰਿਵਾਰ ਕਿੱਥੇ ਜਾ ਰਿਹਾ ਹੈ ਤੇ ਕਿਉਂ?

ਆਓ ਹੁਣ ਵਿਚਾਰਦੇ ਹਾਂ ਕਿ ਅੱਗੇ ਕੀ ਵਾਪਰਦਾ ਹੈ।

ਆਰਥਿਕ ਪੱਖੋਂ ਜੀਉਣ ਸਿੰਘ ਦੀ ਹਾਲਤ ਬਹੁਤ ਹੀ ਕਮਜ਼ੋਰ ਸੀ। ਉਹ ਰੇਲਵੇ ਇੰਜਣ ਦਾ 'ਫਾਇਰਮੈਨ' ਸੀ। ਉਸਦੀ ਤਨਖਾਹ ਕੇਵਲ 80 ਰੁਪਏ ਸੀ। ਉਸਦਾ ਘਰ ਦਾ ਗੁਜ਼ਾਰਾ

Class - 10 Subject Teacher - Ramandeep Kaur
Topic - ਚੰਦੋਆ (ਕਹਾਣੀ) Assignment no - ① Term - I

ਸਮਾਂ ਹੀ ਚਲਦਾ ਸੀ। ਉਸਦੀਆਂ ਦੋ ਧੀਆਂ ਹੀ ਸੀ ਅਤੇ ਪੁੱਤ ਦੀ ਦਾਤ ਮੰਗੀ, ਤੇ ਉਸਦੀ ਅਰਦਾਸ ਪੂਰੀ ਹੋਈ ਤਾਂ ਹੀ ਉਸਨੇ 'ਚੰਦੋਆ' ਚੜ੍ਹਾਉਣ ਦੀ ਸੁੱਖਣਾ ਸੁੱਖੀ ਸੀ। ਸਾਰਾ ਪਰਿਵਾਰ ਖੁਸ਼ ਰਹਿਣ ਲੱਗਿਆ। ਉਹ ਔਖ-ਸੌਖ ਵਿੱਚ ਹੀ ਗੁਜ਼ਾਰਾ ਕਰਦੇ। ਉਹ ਸੁੱਖਣਾ ਨੂੰ ਹੀ ਟਾਲਣਾ ਨਹੀਂ ਸਨ ਚਾਹੁੰਦੇ। 'ਚੰਦੋਆ' ਚੜ੍ਹਾਉਣ ਦਾ ਖਰਚਾ ਲਗਭਗ ਸੌ ਸਵਾ ਸੌ ਰੁਪਏ ਦਾ ਸੀ। ਇਹ ਪੈਸੇ ਇਕੱਠੇ ਕਰਨਾ ਤਾਂ ਬਹੁਤ ਔਖਾ ਸੀ। ਉਹ ਦੋਵੇਂ ਪਤੀ-ਪਤਨੀ ਇਸ ਸੋਚ ਵਿੱਚ ਹੀ ਡੁੱਬੇ ਰਹਿੰਦੇ ਕਿ ਸੁੱਖਣਾ ਕਿਵੇਂ ਪੂਰੀ ਹੋਵੇਗੀ। ਉਹਨਾਂ ਨੂੰ ਰਾਹ ਨਹੀਂ ਸੀ ਲਭ ਰਿਹਾ। ਪਿਛਲੇ ਮਹੀਨੇ ਉਹਨਾਂ ਦਾ ਪੁੱਤਰ ਬਹੁਤ ਬਿਮਾਰ ਹੋ ਗਿਆ, ਉਸਨੂੰ ਕਾਕੜਾ ਲਾਕੜਾ ਨਿਕਲ ਆਇਆ ਭਾਵੇਂ ਸੋਕੇ ਦੀ ਬਿਮਾਰੀ ਹੋ ਗਈ। ਦੋਵੇਂ ਪਤੀ-ਪਤਨੀ ਘਬਰਾ ਗਏ। ਦੋਹਾਂ ਨੇ ਸੋਚਿਆ ਕਿ 'ਚੰਦੋਆ' ਨਾ ਚੜ੍ਹਾਉਣ ਕਰਕੇ ਕਾਕਾ ਬਿਮਾਰ ਹੋ ਗਿਆ ਹੈ। ਉਹਨਾਂ ਗੁਰੂ ਅੱਗੇ ਅਰਦਾਸਾਂ ਕੀਤੀਆਂ ਕਿ ਉਹਨਾਂ ਦੇ ਬੱਚੇ ਦੀ ਉਮਰ ਲੰਮੀ ਹੋਵੇ, ਕਾਕੇ ਦੇ ਠੀਕ ਹੋਣ ਤੇ ਉਹ 40 ਦਿਨਾਂ ਦੇ ਅੰਦਰ-ਅੰਦਰ ਚੰਦੋਆ ਚੜ੍ਹਾ ਕੇ ਆਉਣਗੇ। ਗੁਰੂ ਦੀ ਮਿਹਰ ਨਾਲ ਕਾਕਾ ਠੀਕ ਹੋ ਗਿਆ। ਦੋਵੇਂ ਪਤੀ ਪਤਨੀ ਬਹੁਤ ਖੁਸ਼ ਹੋਏ।

ਅਭਿਆਸ ਲਈ ਕੁੱਝ ਪ੍ਰਸ਼ਨ ਹਲ ਕਰਨ ਦਾ ਯਤਨ ਕਰੋ।

ਪ੍ਰ:4 ਚੰਦੋਆ ਚੜ੍ਹਾਉਣ ਦਾ ਖਰਚਾ ਕਿੰਨਾ ਸੀ?
ਪ੍ਰ:5 ਦੋਵੇਂ ਪਤੀ-ਪਤਨੀ ਕਿਉਂ ਘਬਰਾ ਗਏ?
ਉਮੀਦ ਹੈ ਚਾਰ ਮਿੰਟ ਦੀ ਬਰੇਕ ਤੋਂ ਬਾਅਦ ਤੁਸੀਂ ਸਾਰਿਆਂ ਨੇ ਉੱਤਰ ਲਿਖ ਲਏ ਹੋਣਗੇ)

Class-10 Subject Teacher-Ramandeep Kaur

Topic- ਚੰਦੋਆ (ਕਹਾਣੀ) Assignment no ① Term-I

ਦੂਜੇ ਦੋਵੇਂ ਜੀਅ ਚੰਦੋਆ ਚੜਾਉਣ ਦੀ ਤਿਆਰੀ ਵਿੱਚ ਜੁੱਟ ਜਾਂਦੇ ਹਨ। ਰੇਲ ਦਾ ਖਰਚ ਭਾਵੇਂ ਸਰਕਾਰੀ ਸੀ ਪਰ ਬਾਕੀ ਖਰਚੇ ਲਈ ਉਹਨਾਂ ਨੂੰ ਘੱਟੋ-ਘੱਟ 150 ਰੁਪਏ ਦੀ ਲੋੜ ਸੀ। ਐਨੇ ਪੈਸੇ ਇਕੱਠੇ ਕਰਨੇ ਜੀਉਣ ਸਿੰਘ ਵਾਸਤੇ ਅਸੰਭਵ ਸੀ। ਉਸਦੇ ਦੋਸਤ ਮਿੱਤਰ ਵੀ ਉਸ ਵਰਗੇ ਸਨ। ਜੀਉਣ ਸਿੰਘ ਨੇ ਮਸਾਂ ਹੀ 50 ਰੁਪਏ ਦਾ ਪ੍ਰਬੰਧ ਕੀਤਾ। ਇਸ ਯਾਤਰਾ ਨੂੰ ਟਾਲਿਆ ਵੀ ਨਹੀਂ ਜਾ ਸਕਦਾ ਸੀ। ਕਾਰੇ ਨੂੰ ਠੀਕ ਹੋਇਆਂ ਵੀ ਮਹੀਨਾ ਹੋ ਗਿਆ ਸੀ ਤੇ ਜੇ ਚਾਲੀਵਾਂ ਦਿਨ ਟਪ ਗਿਆ ਤਾਂ ਪਤਾ ਨਹੀਂ ਹੋਰ ਕਿਹੜੇ ਕਸ਼ਟਾਂ ਦਾ ਮੂੰਹ ਵੇਖਣਾ ਪਵੇਗਾ। ਅਖੀਰ ਜਦੋਂ ਪੈਸਿਆਂ ਲਈ ਕੋਈ ਹੋਰ ਰਾਹ ਨਾ ਸੁਝਿਆ ਤਾਂ ਜੀਉਣ ਸਿੰਘ ਸਲਾਹ ਕੀਤੀ ਕਿ ਅੰਮ੍ਰਿਤਸਰ ਵਾਲੇ ਮਾਮਾ ਜੀ ਕਦੋਂ ਕੰਮ ਆਉਣਗੇ। ਉਸਨੂੰ ਆਪਣੇ ਮਾਮੇ ਤੇ ਬਹੁਤ ਮਾਣ ਸੀ। ਉਸਦੀ ਸਾਰੀ ਚਿੰਤਾ ਦੂਰ ਹੋ ਗਈ। ਉਸਦਾ ਮਾਮਾ ਤਾਂ ਲੱਖਾਂਪਤੀ ਸੀ। ਉਹ ਆਪਣੇ ਭਾਣਜੇ ਦੀ ਵਿੱਤੀ ਕੁ ਸਹਾਇਤਾ ਤਾਂ ਕਰ ਹੀ ਦੇਵੇਗਾ। ਇਸ ਤਸੱਲੀ ਨਾਲ ਸਾਰਾ ਪਰਿਵਾਰ ਅੰਮ੍ਰਿਤਸਰ ਦੀ ਯਾਤਰਾ ਲਈ ਗੱਡੀ ਤੇ ਸਵਾਰ ਹੋ ਗਿਆ। ਜੀਉਣ ਸਿੰਘ ਗੱਡੀ ਵਿੱਚ ਬੈਠਦਿਆਂ ਹੀ ਉੱਘਣ ਲੱਗ ਪਿਆ ਭਾਵ ਸੌਣ ਲੱਗ ਪਿਆ। ਕਦੇ ਉਸਦੀ ਅੱਖ ਲੱਗ ਜਾਂਦੀ ਕਦੇ ਖੁੱਲ ਜਾਂਦੀ। ਜਦੋਂ ਉਸਦੀ ਅੱਖ ਖੁੱਲੀ ਤਾਂ ਉਹ ਵੇਖਦਾ ਹੈ ਕਿ ਉਸਦੀ ਪਤਨੀ ਬਾਰ-ਬਾਰ ਉਹਨਾਂ ਪੈਸਿਆਂ ਨੂੰ ਹੀ ਗਿਣਦੀ ਹੈ। ਉਸਦੇ ਮਨ ਨੂੰ ਅਜੇ ਵੀ ਸੰਤੁਸ਼ਟੀ ਨਹੀਂ ਸੀ ਹੋਈ। ਉਸਨੂੰ ਅੰਦਰੋਂ ਅੰਦਰੀ ਇਹ ਚਿੰਤਾ ਸੀ ਕਿ ਜੇਕਰ ਮਾਮੇ ਨੇ ਪੈਸਿਆਂ ਦੀ ਮਦਦ ਨਾ ਕੀਤੀ ਤਾਂ ਕੀ ਹੋਵੇਗਾ। ਫਿਕਰ ਨੂੰ ਜਾਪਦਾ। ਪਰ ਜੀਉਣ ਸਿੰਘ ਨੂੰ ਆਪਣੇ ਮਾਮੇ ਤੇ ਪੂਰਾ ਭਰੋਸਾ ਸੀ। ਇਸ ਤਰ੍ਹਾਂ ਪਤੀ ਦੀ ਹੌਂਸਲੇ ਨਾਲ ਪਤਨੀ ਦਾ

Class - 10 Subject Teacher- Ramandeep Kaur
Topic - ਚੌਦੇਆ (ਕਹਾਣੀ) Assignment no - (1) Term - I

ਹੌਸਲਾ ਬੁਲੰਦ ਹੋ ਜਾਂਦਾ ਹੈ।
ਅਭਿਆਸ ਲਈ ਪ੍ਰਸ਼ਨ ਹੱਲ ਕਰਨ ਦਾ ਯਤਨ ਕਰੋ।

ਪ੍ਰ:6 ਜੀਊਣ ਸਿੰਘ ਨੇ ਕਿੰਨੇ ਪੈਸੇ ਇਕੱਠੇ ਕੀਤੇ ਅਤੇ ਬਾਕੀ ਪੈਸਿਆਂ ਦਾ ਪ੍ਰਬੰਧ ਕਿਵੇਂ ਕਰੇਗਾ?
ਪ੍ਰ:7 ਇੰਦਰ ਕੌਰ ਨੂੰ ਕਿਸ ਗੱਲ ਦੀ ਚਿੰਤਾ ਸੀ?

ਅਸੀਂ ਇਸ ਕਹਾਣੀ ਵਿੱਚ ਵਿਚਾਰਿਆ ਕਿ ਕਿਵੇਂ ਜੀਊਣ ਸਿੰਘ ਆਪਣੀ ਸੁੱਖਣਾ ਲਾਉਣ ਵਾਸਤੇ ਔਖ-ਸੌਖ ਕਰਦਾ, ਆਪਣੇ ਸਾਸ ਦੇ ਸਰਾਂ ਦੀ ਉਮੀਦ ਲੈ ਕੇ ਯਾਤਰਾ ਆਰੰਭ ਕਰਦਾ ਹੈ। ਸਾਸ ਘਰ ਪਹੁੰਚਕੇ ਉਸ ਨਾਲ ਕੀ ਬੀਤਦੀ ਹੈ, ਬਾਰੇ ਵਿਚਾਰ ਚਰਚਾ ਅਸੀਂ ਅਗਲੇ ਪਾਠ ਕਰਾਂਗੇ।

<u>ਘਰ ਦਾ ਕੰਮ</u>

ਸਾਰੇ ਵਿਦਿਆਰਥੀ ਇਸ ਕਹਾਣੀ ਨੂੰ ਘੱਟੋ-ਘੱਟ ਦੋ ਵਾਰ ਪੜ੍ਹਨਗੇ ਅਤੇ ਵਿਸ਼ੇ ਨੂੰ ਸਮਝਣ ਦਾ ਯਤਨ ਕਰਨਗੇ। ਕਹਾਣੀ ਵਿਚਕਾਰ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਆਪਣੀ ਕਾਪੀ ਵਿੱਚ ਲਿਖਣਗੇ।

ਕਹਾਣੀ ਵਿਚਕਾਰ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਇਸ ਪ੍ਰਕਾਰ ਹਨ।

ਉੱਤਰ 1: 'ਡਾ. ਕਰਤਾਰ ਸਿੰਘ ਸੂਰੀ' ਨੇ ਚੌਦੇਆ ਕਹਾਣੀ ਲਿਖੀ ਹੈ।

Class- 10 Teacher- Ramandeep Kaur

Topic - ਚੰਦੋਆ (ਕਹਾਣੀ) Assignment no - (1) Term - I

ਉੱਤਰ 2 ਕਹਾਣੀ ਦੇ ਮੁੱਖ ਪਾਤਰ ਦਾ ਨਾਂ ਜੀਉਣ ਸਿੰਘ ਹੈ ਅਤੇ ਉਸਦੀ ਪਤਨੀ ਦਾ ਨਾਂ ਇੰਦਰ ਕੌਰ ਹੈ।

ਉੱਤਰ 3 ਸਾਰਾ ਪਰਿਵਾਰ ਅੰਮ੍ਰਿਤਸਰ ਚੰਦੋਆ ਚੜ੍ਹਾਉਣ ਜਾ ਰਿਹਾ ਸੀ।

ਉੱਤਰ 4 ਚੰਦੋਆ ਚੜ੍ਹਾਉਣ ਦਾ ਖਰਚਾ ਲਗਭਗ ਸੌ ਸਵਾ ਸੌ ਰੁਪਏ ਸੀ।

ਉੱਤਰ 5 ਦੋਵੇਂ ਪਤੀ-ਪਤਨੀ ਇਸ ਲਈ ਘਬਰਾਗਏ ਕਿਉਂਕਿ ਉਹਨਾਂ ਦਾ ਬੱਚਾ ਬਹੁਤ ਬਿਮਾਰ ਹੋ ਗਿਆ ਸੀ ਤੇ ਉਹਨਾਂ ਨੂੰ ਲੱਗਿਆ ਇਹ ਚੰਦੋਆ ਨਾ ਚੜ੍ਹਾਉਣ ਕਰਕੇ ਹੈ।

ਉੱਤਰ 6 ਜੀਉਣ ਸਿੰਘ ਨੇ 50 ਰੁਪਏ ਇਕੱਠੇ ਕੀਤੇ ਅਤੇ ਬਾਕੀ ਖਰਚ ਦੀ ਉਮੀਦ ਆਪਣੇ ਸਾਲੇ ਤੇ ਰੱਖੀ।

ਉੱਤਰ 7 ਇੰਦਰ ਕੌਰ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਜੇ ਤੁਹਾਡੇ ਸਾਲੇ ਨੇ ਸਹਾਇਤਾ ਨਾ ਕੀਤੀ ਤਾਂ ਕੀ ਹੋਵੇਗਾ।

ਧੰਨਵਾਦ

(Last page)